# ਤਾਨਸੇਨ

## ਜੀਵਨ ਕਾਲ

ਤਾਨਸੇਨ ਜੀ ਦੇ ਜੀਵਨ ਕਾਲ ਬਾਰੇ ਕਾਫ਼ੀ ਵਿਵਿਧ ਪੱਖ ਪੇਸ਼ ਕੀਤੇ ਜਾਂਦੇ ਹਨ। ਅਸੀਂ ਕੁੱਝ ਇਤਿਹਾਸਿਕ ਤੱਥਾਂ ਨੂੰ ਸਾਹਮਣੇ ਰੱਖਦੇ ਹੋਏ ਇਹਨਾਂ ਦੇ ਜੀਵਨ ਕਾਲ ਨੂੰ ਨਿਸ਼ਚਿਤ ਕਰਨ ਦਾ ਜਤਨ ਕਰਦੇ ਹਾਂ। ਅਕਬਰ ਨਾਮਾ ਦੇ ਅਨੁਸਾਰ ਤਾਨਸੇਨ ਅਕਬਰ ਦਰਬਾਰੀ ਗਾਇਕ ਸੰਨ 1562 ਵਿੱਚ ਬਣੇ। ਉਸ ਸਮੇਂ ਇਹ ਰਾਜਾ ਰਾਮ ਚੰਦਰ ਦੇ ਦਰਬਾਰ ਵਿੱਚੋਂ ਨਿਰਾਸ਼ ਹੋਣ ਦਾ ਵਿਚਾਰ ਕਰ ਰਹੇ ਸਨ। ਫ਼ਜ਼ਲ ਦੇ ਅਨੁਸਾਰ ਰਾਜਾ ਅਕਬਰ ਦੇ ਦਰਬਾਰ ਵਿੱਚ ਪ੍ਰਵੇਸ਼ ਕਰਨ ਸਮੇਂ ਲਗਭਗ 70 ਸਾਲ ਦੇ ਸਨ। ਅੰਦਾਜ਼ ਇਹ ਹੈ ਕਿ 1493 ਈ: ਵਿੱਚ ਇਹਨਾਂ ਦਾ ਜਨਮ ਹੋਇਆ। ਦੂਸਰ ਤੇ ਫ਼ਜ਼ਲ ਅਲੀ ਦੇ ਅਨੁਸਾਰ ਤਾਨਸੇਨ ਦੀ ਉਪਾਧੀ ਮਾਨ ਸਿੰਘ ਤੋਮਰ ਦੇ ਪੁੱਤਰ ਵਿਕਰਮਜੀਤ ਨੇ ਦਿੱਤੀ।

## ਜਨਮ

ਤਾਨਸੇਨ ਦੇ ਜਨਮ ਬਾਰੇ ਵਿਦਵਾਨਾਂ ਵਿੱਚ ਬਹੁਤ ਮਤਭੇਦ ਹਨ। ਕੁੱਝ ਵਿਦਵਾਨ ਇਹਨਾਂ ਦਾ ਜਨਮ 1506, 1520 ਜਾਂ 1532 ਈ: ਵਿੱਚ ਮੰਨਦੇ ਹਨ ਪਰੰਤੂ ਜ਼ਿਆਦਾਤਰ ਵਿਦਵਾਨਾਂ ਦੇ ਮੱਤ ਅਨੁਸਾਰ ਤਾਨਸੇਨ ਦਾ ਜਨਮ 1532 ਈ: ਵਿੱਚ ਗਵਾਲੀਅਰ ਦੇ ਨੇੜੇ 'ਬੇਹਟ' ਨਾਂ ਦੇ ਪਿੰਡ ਵਿੱਚ ਹੋਇਆ ਮੰਨਿਆ ਜਾਂਦਾ ਹੈ। ਤਾਨਸੇਨ ਸਿੰਘ ਦੇ ਬਚਪਨ ਦਾ ਨਾਮ ਕਈ ਵਿਦਵਾਨਾਂ ਨੇ ਤਨਾ, ਤਨਸੁੱਖ ਜਾਂ ਤੰਨਾ ਮਿਸ਼ਰ ਹੈ। ਇਹਨਾਂ ਦੇ ਪਿਤਾ ਦਾ ਨਾਂ ਮਕਰੰਦ ਪਾਂਡੇ ਦੱਸਿਆ ਜਾਂਦਾ ਹੈ। ਪ੍ਰੋਫੈਸਰ ਤਾਰਾ ਸਿੰਘ ਕ੍ਰਿਤ ਵਾਦਨ

ਕਥਾ ਅਨੁਸਾਰ ਤਾਨਸੈਨ ਆਪਣੀਆ ਰਚਨਾਵਾਂ ਵਿੱਚ ਮਕਰੰਦ ਨੂੰ ਆਪਣਾ ਗੁਰੂ ਦੱਸਦਾ ਹੈ ਪਰੰਤੂ ਆਮ ਲੋਕਾਂ ਨੇ ਮਕਰੰਦ ਨੂੰ ਤਾਨਸੈਨ ਦਾ ਪਿਤਾ ਮੰਨਿਆ ਹੈ। ਇਸ ਤੋਂ ਤਾਨਸੈਨ ਦਾ ਸੰਗੀਤ ਘੰਧਰਾਂ ਵਿੱਚ ਪੈਦਾ ਹੋਣ ਦਾ ਸੰਕੇਤ ਮਿਲਦਾ ਹੈ।

## ਸੰਗੀਤ ਸਿੱਖਿਆ

ਬਾਲ ਅਵਸਥਾ ਵਿੱਚ ਹੀ ਨਟਖੱਟ ਤਾਨਸੈਨ ਤਰ੍ਹਾਂ-ਤਰ੍ਹਾਂ ਦੇ ਜਾਨਵਰਾਂ ਦੀ ਅਵਾਜ ਵੀ ਹੂ-ਬ-ਹੂ ਨਕਲ ਉਤਾਰ ਲੈਂਦਾ ਸੀ। ਇੱਕ ਦਿਨ ਸ਼ੇਰ ਦੀ ਆਵਾਜ਼ ਕੱਢ ਕੇ ਇਨ੍ਹਾਂ ਨੇ ਸਵਾਮੀ ਹਰੀਦਾਸ ਤੇ ਉਨ੍ਹਾਂ ਦੀ ਮੰਡਲੀ ਨੂੰ ਡਰਾਇਆ। ਇਸ ਤਰ੍ਹਾਂ ਤਾਨਸੈਨ ਦੀ ਮੁਲਾਕਾਤ ਸਵਾਮੀ ਜੀ ਨਾਲ ਹੋਈ। ਉਹ ਇਨ੍ਹਾਂ ਦੀ ਪ੍ਰਤਿਭਾ ਤੋਂ ਬਹੁਤ ਪ੍ਰਸੰਨ ਹੋਏ ਅਤੇ ਤਾਨਸੈਨ ਨੂੰ ਸੰਗੀਤਕ ਸਿੱਖਿਆ ਦੇਣ ਲਈ ਆਪਣੇ ਨਾਲ ਲੈ ਗਏ। ਇਸ ਤਰ੍ਹਾਂ ਤਾਨਸੈਨ ਨੇ ਵਿੰਦ੍ਰਾਵਣ ਵਿੱਚ ਦੱਸ ਸਾਲ ਤੱਕ ਸਵਾਮੀ ਹਰੀਦਾਸ ਜੀ ਕੋਲ ਰਹਿ ਕੇ ਸੰਗੀਤ ਦੀ ਸਿੱਖਿਆ ਗ੍ਰਹਿਣ ਕੀਤੀ।

## ਵਿਆਹ ਅਤੇ ਸੰਤਾਨ

ਉਹ ਆਪਣੇ ਪਿਤਾ ਦੀ ਇੱਛਾ ਦੇ ਮੁਤਾਬਿਕ ਗਵਾਲੀਅਰ ਵਿਖੇ ਫ਼ਕੀਰ ਮੁਹੰਮਦ ਗੌਂਸ ਕੋਲ ਗਏ। ਕਿਉਂਕਿ ਫਕੀਰ ਦੇ ਆਸ਼ੀਰਵਾਦ ਸਦਕਾ ਹੀ ਤਾਨਸੈਨ ਦਾ ਜਨਮ ਹੋਇਆ ਸੀ। ਗਵਾਲੀਅਰ ਵਿੱਚ ਇਨ੍ਹਾਂ ਦੀ ਜਾਣ-ਪਛਾਣ ਰਾਜਾ ਮਾਨ ਸਿੰਘ ਦੀ ਵਿਧਵਾ ਰਾਣੀ ਮ੍ਰਿਗ ਨੈਣੀ ਨਾਲ ਹੋਈ, ਜੋ ਕਿ ਬਹੁਤ ਅੱਛੀ ਗਾਇਕਾ ਸੀ ਤੇ ਤਾਨਸੇਨ ਦੇ ਸੰਗੀਤ ਤੋਂ ਬਹੁਤ ਪ੍ਰਭਾਵਿਤ ਹੋਈ। ਫਲਸਰੂਪ ਰਾਣੀ ਮ੍ਰਿਗਨੈਣੀ ਨੇ ਹੋਵਦਾ ਨਾਲ ਵਿਆਹ ਕਰਵਾ ਦਿੱਤਾ। ਬਾਅਦ ਵਿੱਚ ਤਾਨਸੇਨ ਦੇ ਚਾਰ ਪੁੱਤਰ -

ਸੁਰਤਸੇਨ, ਸਰਤਸੇਨ, ਤਰੰਗਸੇਨ ਅਤੇ ਬਿਲਾਸ ਅਤੇ ਇੱਕ ਪੁੱਤਰੀ ਪੈਦਾ ਹੋਈ ਜਿਸਦਾ ਨਾਮ ਸਰਸਵਤੀ ਸੀ।

## ਰਾਜਾ ਰਾਮ ਚੰਦਰ ਦੇ ਦਰਬਾਰ ਵਿੱਚ ਨੌਕਰੀ

ਸੰਗੀਤ ਵਿੱਚ ਨਿਪੁੰਨਤਾ ਹਾਸਿਲ ਕਰਨ ਤੋਂ ਬਾਅਦ ਤਾਨਸੇਨ ਰੀਵਾਂ ਦੀ ਰਾਜਧਾਨੀ ਬੰਧਵਗੜ੍ਹ ਗਏ ਅਤੇ ਉਨ੍ਹਾਂ ਦੇ ਦਰਬਾਰ ਵਿੱਚ ਹੀ ਨੌਕਰ ਹੋ ਗਏ। ਰਾਜਾ ਰਾਮ ਚੰਦਰ ਤਾਨਸੇਨ ਤੋਂ ਬਹੁਤ ਖੁਸ਼ੀਆਂ ਵਿੱਚ ਅਨੇਕ ਪੁਰਸਕਾਰ ਰਹੇ।

## ਰਤਨ ਦੀ ਉਪਾਧੀ

ਸੰਨ 1556 ਈ. ਵਿੱਚ ਤਾਨਸੇਨ ਅਕਬਰ ਦੇ ਸੱਦੇ ਤੇ ਦਿੱਲੀ ਦਰਬਾਰ ਵਿੱਚ ਆ ਗਏ। ਬਾਦਸ਼ਾਹ ਨੇ ਇਨ੍ਹਾਂ ਦੇ ਗਾਇਨ ਤੋਂ ਬਹੁਤ ਪ੍ਰਸੰਨ ਹੋ ਕੇ ਤਾਨਸੇਨ ਨੂੰ 'ਰਤਨ' ਦੀ ਉਪਾਧੀ ਦਿੱਤੀ ਅਤੇ ਆਪਣੇ ਨੌਂ ਰਤਨਾਂ ਵਿੱਚ ਸ਼ਾਮਿਲ ਕੀਤਾ। ਆਇਨੇ ਅਕਬਰੀ ਵਿੱਚ ਅਬੁਲ ਫ਼ਜ਼ਲ ਨੇ ਅਕਬਰ ਦੇ ਦਰਬਾਰ ਦੇ 36 ਪ੍ਰਸਿੱਧ ਕਲਾਕਾਰਾਂ ਵਿੱਚ ਤਾਨਸੇਨ ਨੂੰ ਸਭ ਸ੍ਰੇਸ਼ਟ ਮੰਨਿਆ ਹੈ।

## ਤਾਨਸੇਨ ਦੇ ਸੰਗੀਤ ਚਮਤਕਾਰ

ਅਕਬਰ ਦੇ ਦਰਬਾਰ ਵਿੱਚ ਹੀ ਤਾਨਸੇਨ ਦੇ ਅਨੇਕ ਸੰਗੀਤ ਚਮਤਕਾਰਾਂ ਬਾਰੇ ਕਈ ਉਲੇਖਕਾਂ ਨੇ ਉਲੇਖ ਕੀਤਾ ਹੈ ਜਿਵੇਂ ਭਿੰਨ ਭਿੰਨ ਰਾਗਾਂ ਦੇ ਪ੍ਰਭਾਵ ਨਾਲ ਪੱਥਰ ਪਿਘਲਾਉਣਾ, ਮੇਘ ਮਲਾਰ ਰਾਗ ਨਾਲ ਪਾਣੀ ਬਰਸਾਉਣਾ, ਦੀਪਕ ਰਾਗ ਨਾਲ ਦੀਪਕ ਜਲਾਉਣਾ ਆਦਿ।

## ਧਰੁਪਦ ਰਚਨਾ

ਅਕਬਰ ਦੇ ਦਰਬਾਰ ਵਿੱਚ ਤਾਨਸੇਨ ਨੇ ਰਾਜਾ ਅਕਬਰ ਦੀ ਪ੍ਰਸ਼ੰਸਾ ਵਿੱਚ ਸੈਂਕੜੇ ਧਰੁਪਦਾਂ ਦੀ ਰਚਨਾ ਕੀਤੀ ਅਤੇ ਇਹਨਾਂ ਨੂੰ ਗਾਇਆ। ਇਹ ਧਰੁਪਦ ਅੱਜ ਤੱਕ ਪ੍ਰਸਿੱਧ ਹੋਣ ਤੇ ਕਈ ਖਾਨਦਾਨੀ ਗਾਇਕਾਂ ਕੋਲ ਸੁਰੱਖਿਅਤ ਹਨ। ਜੋ ਕਿ ਆਧੁਨਿਕ ਸੰਗੀਤ ਪੱਧਤੀ ਨੂੰ ਇਹਨਾਂ ਦੀ ਮਹਾਨ ਦੇਣ ਹੈ।

## ਰਾਗ ਰਚਨਾ

ਤਾਨਸੇਨ ਨੇ ਬਹੁਤ ਸਾਰੇ ਰਾਗਾਂ ਦੀ ਰਚਨਾ ਕੀਤੀ, ਜਿਹਨਾਂ ਵਿੱਚ ਦਰਬਾਰੀ, ਕਾਨੜਾ, ਮਿਆਂ ਕੀ ਟੋਡੀ, ਮਿਆਂ ਕੀ ਸਾਰੰਗ, ਮਿਆਂ ਮਲਾਰ ਆਦਿ ਪ੍ਰਸਿੱਧ ਹਨ ਜੋ ਅੱਜ ਤੱਕ ਪ੍ਰਚਲਿਤ ਹਨ। ਇਹਨਾਂ ਦੇ ਸੰਬੰਧ ਰਾਗਾਂ ਨਾਲ 'ਮਿਆਂ' ਸ਼ਬਦ ਜੁੜਿਆ ਹੋਣ ਕਾਰਨ ਇਹਨਾਂ ਦਾ ਸੰਬੰਧ ਤਾਨਸੇਨ ਨਾਲ ਜੋੜ ਕੇ ਤਾਨਸੇਨ ਨੂੰ ਇਹਨਾਂ ਰਾਗਾਂ ਦਾ ਰਚਨਾਕਾਰ ਮੰਨਿਆ ਗਿਆ ਹੈ।

## ਦੇਹਾਂਤ

ਤਾਨਸੇਨ ਦੇ ਜਨਮ ਦੀ ਤਰ੍ਹਾਂ ਇਹਨਾਂ ਦੇ ਪਰਲੋਕ ਸਿਧਾਰਨ ਸੰਬੰਧੀ ਵੀ ਵਿਦਵਾਨਾਂ ਦੀ ਭਿੰਨ-ਭਿੰਨ ਰਾਏ ਹੈ। ਪਰੰਤੂ ਜਿਆਦਾਤਰ ਵਿਦਵਾਨ ਇਹਨਾਂ ਦੇ ਦੇਹਾਂਤ ਦਾ ਸਮਾਂ ੧੫੮੬ ਈ: ਹੀ ਮੰਨਦੇ ਹਨ। ਅੱਜ ਵੀ ਕਈ ਮਹਾਨ ਗਾਇਕ ਅਤੇ ਵਾਦਕ ਹਰ ਸਾਲ ਇਹਨਾਂ ਦੀ ਸਮਾਧ ਤੇ ਇਕੱਠੇ ਹੋ ਕੇ ਇਹਨਾਂ ਦੀ ਯਾਦ ਨੂੰ ਸਮਰਪਿਤ ਕਰਦੇ ਹਨ। ਪਰ ਤਾਨਸੇਨ ਦੇ ਤੁਲਨਾਤਮਕ ਗਾਇਕ ਵਾਲਾ ਹਿੰਦੁਸਤਾਨ ਵਿੱਚ ਅਜੇ ਤੱਕ ਕੋਈ ਪੈਦਾ ਨਹੀਂ ਹੋਇਆ।